ਵ੍ਰਿੰਦਾਵਨ ਦੇ ਅਜ਼ਬ ਨਜ਼ਾਰੇ ਪਾਵਾਂਗੇ

ਵ੍ਰਿੰਦਾਵਨ ਦੇ ਅਜ਼ਬ ਨਜ਼ਾਰੇ ਪਾਵਾਂਗੇ
==========
ਵ੍ਰਿੰਦਾਵਨ ਦੇ, ਅਜ਼ਬ, ਨਜਾਰੇ ਪਾਵਾਂਗੇ* ॥
ਕੋਈ, ਜਾਵੇ ਨਾ ਜਾਵੇ, ਆਪਾਂ ਜਾਵਾਗੇ ॥

ਵ੍ਰਿੰਦਾਵਨ ਵਿੱਚ, ਯਮੁਨਾ ਪਿਆਰੀ ।
ਮੇਰੇ, ਸ਼ਾਮ ਨੂੰ, ਲੱਗੇ ਪਿਆਰੀ ॥
ਅਸੀਂ ਵੀ ਓਥੇ ॥, ਜਾ ਕੇ ਗੋਤੇ ਲਾਵਾਂਗੇ,
ਕੋਈ, ਜਾਵੇ ਨਾ ਜਾਵੇ, ਆਪਾਂ ਜਾਵਾਗੇ ।
ਵ੍ਰਿੰਦਾਵਨ ਦੇ, ਅਜ਼ਬ,,,,,,,,,,,,,,,,,,,,,,,,

ਵ੍ਰਿੰਦਾਵਨ ਵਿੱਚ, ਗਊਆਂ ਪਿਆਰੀਆਂ ।
ਮੇਰੇ, ਸ਼ਾਮ ਨੂੰ, ਲੱਗਣ ਪਿਆਰੀਆਂ ॥
ਅਸੀਂ ਵੀ ਓਥੇ ॥, ਜਾ ਕੇ ਗਊਆਂ ਚਰਾਵਾਂਗੇ,
ਕੋਈ, ਜਾਵੇ ਨਾ ਜਾਵੇ, ਆਪਾਂ ਜਾਵਾਗੇ ।
ਵ੍ਰਿੰਦਾਵਨ ਦੇ, ਅਜ਼ਬ,,,,,,,,,,,,,,,,,,,,,,,,

ਵ੍ਰਿੰਦਾਵਨ ਵਿੱਚ, ਸਖੀਆਂ ਪਿਆਰੀਆਂ ।
ਮੇਰੇ, ਸ਼ਾਮ ਨੂੰ, ਲੱਗਣ ਪਿਆਰੀਆਂ ॥
ਅਸੀਂ ਵੀ ਓਥੇ ॥, ਜਾ ਕੇ ਰਾਸ ਰਚਾਵਾਂਗੇ,
ਕੋਈ, ਜਾਵੇ ਨਾ ਜਾਵੇ, ਆਪਾਂ ਜਾਵਾਗੇ ।
ਵ੍ਰਿੰਦਾਵਨ ਦੇ, ਅਜ਼ਬ,,,,,,,,,,,,,,,,,,,,,,,,

ਵ੍ਰਿੰਦਾਵਣ ਵਿੱਚ, ਭਗਤਾਂ ਦੀ ਟੋਲੀ ।
ਮੇਰੇ, ਸ਼ਾਮ ਨਾਲ, ਖੇਲ੍ਹੇ ਹੋਲੀ ॥
ਅਸੀਂ ਵੀ ਓਥੇ ॥, ਜਾ ਕੇ ਰੰਗ ਲਗਾਵਾਂਗੇ,
ਕੋਈ, ਜਾਵੇ ਨਾ ਜਾਵੇ, ਆਪਾਂ ਜਾਵਾਗੇ ।
ਵ੍ਰਿੰਦਾਵਨ ਦੇ, ਅਜ਼ਬ,,,,,,,,,,,,,,,,,,,,,,,,

ਵ੍ਰਿੰਦਾਵਨ ਵਿੱਚ, ਰਾਧਾ ਪਿਆਰੀ ।
ਮੇਰੇ, ਸ਼ਾਮ ਨਾਲ, ਸੱਜਦੀ ਪਿਆਰੀ ॥
ਅਸੀਂ ਵੀ ਰਾਧੇ ॥ ਰਾਧੇ ਰਾਧੇ ਗਾਵਾਂਗੇ,
ਵ੍ਰਿੰਦਾਵਨ ਵਿੱਚ, ਜਾ ਕੇ, ਭੰਗੜੇ ਪਾਵਾਂਗੇ ।
ਵ੍ਰਿੰਦਾਵਨ ਦੇ, ਅਜ਼ਬ,,,,,,,,,,,,,,,,,,,,,,,,

ਵ੍ਰਿੰਦਾਵਨ ਦੀ, ਕੁੰਜ ਗਲ਼ੀ ਪਿਆਰੀ ।
ਮੇਰੇ, ਸ਼ਾਮ ਨੂੰ, ਲੱਗੇ ਪਿਆਰੀ ॥
ਅਸੀਂ ਵੀ ਓਥੇ ॥, ਜਾ ਕੇ ਮੱਖਣ ਖਾਵਾਂਗੇ,
ਕੋਈ, ਜਾਵੇ ਨਾ ਜਾਵੇ, ਆਪਾਂ ਜਾਵਾਗੇ ।
ਵ੍ਰਿੰਦਾਵਨ ਦੇ, ਅਜ਼ਬ,,,,,,,,,,,,,,,,,,,,,,,,

ਕਰਦਾ ਵਿਨੇ, ਚਰਨੀ ਅਰਦਾਸਾਂ ।

ਸਭ ਦੀਆਂ ਪੂਰਣ, ਹੋ ਜਾਣ ਆਸਾਂ ॥
ਅਸੀਂ ਵੀ ਓਥੇ ॥, ਜਾ ਕੇ ਦਰਸ਼ਨ ਪਾਵਾਂਗੇ,
ਕੋਈ, ਜਾਵੇ ਨਾ ਜਾਵੇ, ਆਪਾਂ ਜਾਵਾਗੇ।
ਵ੍ਰਿੰਦਾਵਨ ਦੇ, ਅਜ਼ਬ,,,,,,,,,,,,,,,,,,,,,,,,
ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/33752/title/Vrindavan-De-Ajab-Nazare

अपने Android मोबाइल पर BhajanGanga App डाउनलोड करें और भजनों का आनंद ले |